Royal College of Anaesthetists

# ਆਮ ਐਨੱਸਥੈਟਿਕ ਜਾਂ ਸਿਡੇਸ਼ਨ (ਬੇਹੋਸ਼ ਕਰਨ ਵਾਲੀ ਦਵਾਈ) ਤੋਂ ਠੀਕ ਹੋ ਰਹੇ ਕਿਸੇ ਵਿਅਕਤੀ ਦੀ ਦੇਖਭਾਲ ਕਰਨਾ

ਹੋ ਸਕਦਾ ਹੈ ਕਿ ਕਿਸੇ ਐਨੱਸਥੈਟਿਕ ਜਾਂ ਸਿਡੇਸ਼ਨ ਤੋਂ ਬਾਅਦ 24 ਘੰਟਿਆਂ ਤਕ ਮਰੀਜ਼ ਸਪਸ਼ਟ ਤੌਰ 'ਤੇ ਸੋਚਣ ਦੇ ਯੋਗ ਨਾ ਹੋਣ ਅਤੇ ਉਹਨਾਂ ਦੀ ਵਿਚਾਰ ਸ਼ਕਤੀ ਉੱਪਰ ਅਸਰ ਪਵੇ।

ਇਸ ਸਮੇਂ ਦੌਰਾਨ, ਉਹਨਾਂ ਨੂੰ:

- ਬੱਚਿਆਂ ਜਾਂ ਉਹਨਾਂ ਦੀ ਦੇਖਭਾਲ ਵਿੱਚ ਹੋਰ ਲੋਕਾਂ ਲਈ ਜ਼ਿੰਮੇਵਾਰ ਨਹੀਂ ਹੋਣਾ ਚਾਹੀਦਾ
- ਕੋਈ ਵਾਹਨ ਨਹੀਂ ਚਲਾਉਣਾ ਚਾਹੀਦਾ ਜਾਂ ਸਾਈਕਲ ਦੀ ਸਵਾਰੀ ਨਹੀਂ ਕਰਨੀ ਚਾਹੀਦੀ
- ਖਾਣਾ ਨਹੀਂ ਪਕਾਉਣਾ ਚਾਹੀਦਾ ਜਾਂ ਕੋਈ ਮਸ਼ੀਨਰੀ ਨਹੀਂ ਵਰਤਣੀ ਚਾਹੀਦੀ
- ਕੋਈ ਅਹਿਮ ਫ਼ੈਸਲੇ ਨਹੀਂ ਲੈਣੇ ਚਾਹੀਦੇ, ਭਾਵੇਂ ਉਹਨਾਂ ਨੂੰ ਲੱਗੇ ਕਿ ਉਹ ਠੀਕ ਮਹਿਸੂਸ ਕਰ ਰਹੇ ਹਨ
- ਸੋਸ਼ਲ ਮੀਡੀਆ/ਪਬਲਿਕ ਫ਼ੋਰਮਾਂ ਉੱਪਰ ਪੋਸਟ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ
- ਅਲਕੋਹਲ ਨਹੀਂ ਪੀਣੀ ਚਾਹੀਦੀ।

ਤੁਹਾਨੂੰ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਘਰ ਲੈ ਕੇ ਜਾਣ ਅਤੇ ਉਹਨਾਂ ਦੀ ਦੇਖਭਾਲ ਕਰਨ ਲਈ ਕਿਹਾ ਗਿਆ ਹੈ, ਜਦੋਂ ਉਹਨਾਂ ਨੂੰ ਉਹਨਾਂ ਦੇ ਇਲਾਜ ਲਈ ਸਿਡੇਸ਼ਨ ਦਿੱਤੀ ਗਈ ਹੋਵੇ ਜਾਂ ਆਮ ਐਨੱਸਥੈਟਿਕ ਦੇ ਤਹਿਤ ਉਹਨਾਂ ਉੱਤੇ ਕੋਈ ਪ੍ਰਕਿਰਿਆ ਕੀਤੀ ਗਈ ਹੋਵੇ। ਇਹ ਲੀਫ਼ਲੈੱਟ ਤੁਹਾਨੂੰ ਇਸ ਬਾਰੇ ਆਮ ਜਾਣਕਾਰੀ ਦਿੰਦਾ ਹੈ ਕਿ ਜਦੋਂ ਉਹ ਸਿਹਤਯਾਬ ਹੋ ਰਹੇ ਹੁੰਦੇ ਹਨ ਉਸ ਦੌਰਾਨ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ ਅਤੇ ਤੁਹਾਨੂੰ ਕੀ ਉਮੀਦ ਕਰਨੀ ਚਾਹੀਦੀ ਹੈ। ਇਹ ਤੁਹਾਨੂੰ ਅੱਗੇ ਦੀ ਯੋਜਨਾ ਬਣਾਉਣ ਵਿੱਚ ਮਦਦ ਕਰੇਗਾ।

## ਮੈਨੂੰ ਕੀ ਉਮੀਦ ਕਰਨੀ ਚਾਹੀਦੀ ਹੈ?

ਬੇਹੋਸ਼ੀ ਦੀ ਦਵਾਈ ਜਾਂ ਐਨੱਸਥੈਟਿਕ ਕੁਝ ਮਰੀਜ਼ਾਂ ਨੂੰ ਉਨ੍ਹਾਂ ਦੇ ਇਲਾਜ ਤੋਂ ਬਾਅਦ ਥੋੜ੍ਹਾ ਡੌਰ-ਭੌਰ
ਅਤੇ ਅਸਥਿਰ ਬਣਾ ਸਕਦੀ ਹੈ। ਮਹੱਤਵਪੂਰਨ ਤੌਰ 'ਤੇ, ਇਹ ਉਹਨਾਂ ਦੇ ਨਿਰਣੇ ਨੂੰ ਪ੍ਰਭਾਵਤ ਕਰ ਸਕਦਾ ਹੈ ਇਸ ਲਈ ਉਹ

ਸਪੱਸ਼ਟ ਤੌਰ 'ਤੇ ਸੋਚਣ ਦੇ ਯੋਗ ਨਹੀਂ ਹੋ ਸਕਦੇ ਹਨ। ਹੋ ਸਕਦਾ ਹੈ ਕਿ ਇਹ 24 ਘੰਟਿਆਂ ਤੱਕ ਰਹੇ, ਇਸ ਲਈ ਅਗਲੇ ਦਿਨ ਤੱਕ, ਤੁਹਾਨੂੰ ਇਸ ਸਮੇਂ ਦੌਰਾਨ ਉਨ੍ਹਾਂ 'ਤੇ ਸਾਵਧਾਨੀ ਨਾਲ ਨਜ਼ਰ ਰੱਖਣੀ ਚਾਹੀਦੀ ਹੈ। ਇਸ ਬਾਰੇ ਵਿਚਾਰ ਕਰਨ ਨਾਲ ਮਦਦ ਮਿਲ ਸਕਦੀ ਹੈ ਕਿ ਜਦੋਂ ਉਹ ਹਸਪਤਾਲ ਤੋਂ ਘਰ ਆਉਣਗੇ ਤਾਂ ਉਹ ਕਿਵੇਂ ਸੰਭਾਲਣਗੇ। ਉਦਾਹਰਣ ਲਈ, ਹੋ ਸਕਦਾ ਹੈ ਕਿ ਜੇ ਬਿਸਤਰੇ ਨੂੰ ਜ਼ਮੀਨੀ ਮੰਜ਼ਿਲ 'ਤੇ ਲਿਜਾਇਆ ਜਾਵੇ ਤਾਂ ਕੁਝ ਲੋਕਾਂ ਨੂੰ ਇਹ ਮਦਦਗਾਰ ਲੱਗੇ।

## ਮੈਂ ਆਪਣੇ ਦੋਸਤ ਜਾਂ ਰਿਸ਼ਤੇਦਾਰ ਨੂੰ ਕਦੋਂ ਲੈ ਸਕਦਾ/ਸਕਦੀ ਹਾਂ?

ਹਸਪਤਾਲ ਦਾ ਸਟਾਫ਼ ਉਹਨਾਂ ਨੂੰ ਸਿਰਫ਼ ਉਦੋਂ ਹੀ ਘਰ ਜਾਣ ਦੀ ਆਗਿਆ ਦੇਵੇਗਾ ਜਦੋਂ ਉਹ ਪ੍ਰਕਿਰਿਆ ਤੋਂ ਚੰਗੀ ਤਰ੍ਹਾਂ ਠੀਕ ਹੋ ਚੁੱਕੇ ਹੋਣਗੇ, ਅਤੇ ਤੁਸੀਂ ਉਹਨਾਂ ਦੇ ਨਾਲ ਜਾਣ ਲਈ ਉੱਥੇ ਹੋਵੋਗੇ। ਕਿਉਂਕਿ ਮਰੀਜ਼ਾਂ ਨੂੰ ਕਿਸੇ ਆਮ ਐਨੱਸਥੈਟਿਕ ਜਾਂ ਬੇਹੋਸ਼ੀ ਤੋਂ ਬਾਅਦ 24 ਘੰਟਿਆਂ ਲਈ ਗੱਡੀ ਬਿਲਕੁਲ ਨਹੀਂ ਚਲਾਉਣੀ ਚਾਹੀਦੀ, ਇਸ ਲਈ ਜ਼ਰੂਰੀ ਹੈ ਕਿ ਤੁਸੀਂ 18 ਸਾਲ ਤੋਂ ਵੱਧ ਉਮਰ ਦੇ ਇੱਕ ਯੋਗ ਬਾਲਗ ਹੋਵੋ ਅਤੇ ਉਹਨਾਂ ਨੂੰ ਆਦਰਸ਼ ਰੂਪ ਵਿੱਚ, ਕਾਰ ਜਾਂ ਟੈਕਸੀ ਦੁਆਰਾ ਘਰ ਲੈ ਜਾਓ - ਨਾ ਕਿ ਪਬਲਿਕ ਟ੍ਰਾਂਸਪੋਰਟ ਨਾਲ।

ਸਟਾਫ਼ ਤੁਹਾਨੂੰ ਡਿਸਚਾਰਜ (ਛੁੱਟੀ) ਦਾ ਸਹੀ ਸਮਾਂ ਨਹੀਂ ਦੇ ਸਕੇਗਾ ਕਿਉਂਕਿ ਕੁਝ ਮਰੀਜ਼ ਕਿਸੇ ਐਨੱਸਥੈਟਿਕ, ਬੇਹੋਸ਼ੀ ਜਾਂ ਸਰਜਰੀ ਤੋਂ ਬਾਅਦ ਠੀਕ ਹੋਣ ਲਈ ਹੋਰਨਾਂ ਨਾਲੋਂ ਜ਼ਿਆਦਾ ਸਮਾਂ ਲੈਂਦੇ ਹਨ। ਹਾਲਾਂਕਿ, ਤੁਹਾਨੂੰ ਕਾਲ ਕਰਨ ਲਈ ਇੱਕ ਅਨੁਮਾਨਿਤ ਸਮਾਂ ਜਾਂ ਕੋਈ ਨੰਬਰ ਦਿੱਤਾ ਜਾਵੇਗਾ। ਨਰਸ ਵੀ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡਾ ਫ਼ੋਨ ਨੰਬਰ ਲਵੇਗੀ। ਜੇਕਰ ਮਰੀਜ਼ ਤੁਰਨ-ਫਿਰਨ ਦੇ ਯੋਗ ਨਹੀਂ ਹੈ, ਤਾਂ ਇੱਕ ਵ੍ਹੀਲਚੇਅਰ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਤੁਹਾਡੀ ਟ੍ਰਾਂਸਪੋਰਟ 'ਤੇ ਸੁਰੱਖਿਅਤ ਢੰਗ ਨਾਲ ਜਾ ਸਕੇ।

## ਕੀ ਮੈਨੂੰ ਦੱਸਿਆ ਜਾਵੇਗਾ ਕਿ ਮੈਨੂੰ ਕੀ ਕਰਨ ਦੀ ਲੋੜ ਹੈ?

ਡਾਕਟਰ ਤੁਹਾਡੇ ਦੋਸਤ ਜਾਂ ਰਿਸ਼ਤੇਦਾਰ ਨੂੰ ਖਾਸ ਲਿਖਤੀ ਹਿਦਾਇਤਾਂ ਦੇਣਗੇ, ਜਿਹਨਾਂ ਵਿੱਚ ਇਹ ਸ਼ਾਮਲ ਹੋਣੇ ਚਾਹੀਦੇ ਹਨ:

- ਘਰ ਪਹੁੰਚਣ 'ਤੇ ਕੀ ਉਮੀਦ ਕੀਤੀ ਜਾਵੇ
- ਪ੍ਰਕਿਰਿਆ ਤੋਂ ਬਾਅਦ ਖਾਣ-ਪੀਣ ਅਤੇ ਉਨ੍ਹਾਂ ਦੀਆਂ ਆਮ ਦਵਾਈਆਂ ਲੈਣ ਬਾਰੇ ਹਦਾਇਤਾਂ
- ਕਿਸੇ ਵੀ ਚਿੰਤਾਜਨਕ ਚੀਜ਼ ਵੱਲ ਧਿਆਨ ਦੇਣਾ ਅਤੇ ਜੇ ਤੁਹਾਡੇ ਜਾਂ ਉਹਨਾਂ ਦੇ ਕੋਈ ਸਵਾਲ ਹਨ ਜਾਂ ਜੇ ਉਹ ਠੀਕ ਮਹਿਸੂਸ ਨਹੀਂ ਕਰਦੇ ਹਨ ਤਾਂ ਹਸਪਤਾਲ ਵਿੱਚ ਸੰਪਰਕ ਕਰਨ ਲਈ ਕੋਈ ਨੰਬਰ
- ਉਹ ਕੰਮ ਜੋ ਉਹ ਆਪਣੀ ਪ੍ਰਕਿਰਿਆ ਤੋਂ ਬਾਅਦ ਕਰ ਸਕਦੇ ਹਨ ਅਤੇ ਨਹੀਂ ਕਰ ਸਕਦੇ ਹਨ
- ਕਿਸੇ ਵੀ ਵਾਧੂ ਦਵਾਈ ਬਾਰੇ ਜਾਣਕਾਰੀ ਜੋ ਉਹਨਾਂ ਨੂੰ ਸ਼ਾਇਦ ਲੈਣੀ ਪੈ ਸਕਦੀ ਹੈ, ਜਿਵੇਂ ਕਿ ਦਰਦ ਤੋਂ ਰਾਹਤ ਵਾਲੀ
- ਜ਼ਖ਼ਮਾਂ ਨੂੰ ਧੋਣ ਅਤੇ ਉਹਨਾਂ ਦੀ ਦੇਖਭਾਲ ਬਾਰੇ ਜਾਣਕਾਰੀ। ਤੁਹਾਨੂੰ ਇਹਨਾਂ ਹਦਾਇਤਾਂ ਨੂੰ ਆਪਣੇ ਦੋਸਤ ਜਾਂ ਰਿਸ਼ਤੇਦਾਰ ਦੇ ਨਾਲ ਪੜ੍ਹਨਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ ਕਿ ਇਹਨਾਂ ਦੀ ਪਾਲਣਾ ਕੀਤੀ ਜਾਂਦੀ ਹੈ।

## ਮੇਰੇ ਦੋਸਤ ਜਾਂ ਰਿਸ਼ਤੇਦਾਰ ਨੂੰ ਘਰ ਵਿੱਚ ਕੀ ਕਰਨਾ ਚਾਹੀਦਾ ਹੈ?

ਇਹ ਇਸ ਗੱਲ ਉੱਤੇ ਨਿਰਭਰ ਕਰੇਗਾ ਕਿ ਉਹਨਾਂ ਉੱਤੇ ਕਿਸ ਕਿਸਮ ਦੀ ਪ੍ਰਕਿਰਿਆ ਕੀਤੀ ਗਈ ਹੈ ਅਤੇ ਹਸਪਤਾਲ ਦੀਆਂ ਹਦਾਇਤਾਂ ਕੀ ਹਨ। ਆਮ ਤੌਰ 'ਤੇ, ਉਹਨਾਂ ਨੂੰ:

- ਠੀਕ ਹੋਣ ਵਿੱਚ ਮਦਦ ਲਈ ਬਹੁਤ ਸਾਰਾ ਅਰਾਮ ਕਰਨਾ ਚਾਹੀਦਾ ਹੈ

- ਜੇਕਰ ਉਹ ਅਸਥਿਰ ਹਨ ਤਾਂ ਬਿਨਾਂ ਸਹਾਇਤਾ ਦੇ ਤੁਰਨਾ-ਫਿਰਨਾ ਨਹੀਂ ਚਾਹੀਦਾ, ਅਤੇ ਆਦਰਸ਼ਕ ਤੌਰ 'ਤੇ ਪੌੜੀਆਂ ਤੋਂ ਬਚਣਾ ਚਾਹੀਦਾ ਹੈ
- ਆਪਣੀ ਆਮ ਦਵਾਈ ਲੈਣ ਅਤੇ ਦਰਦ ਤੋਂ ਰਾਹਤ ਲਈ ਕਿਸੇ ਵੀ ਵਾਧੂ ਦਵਾਈ ਬਾਰੇ ਹਸਪਤਾਲ ਦੀਆਂ ਹਦਾਇਤਾਂ ਦੀ ਧਿਆਨ ਨਾਲ ਪਾਲਣਾ ਕਰਨੀ ਚਾਹੀਦੀ ਹੈ
- ਖਾਣ-ਪੀਣ ਅਤੇ ਧੋਣ ਬਾਰੇ ਹਸਪਤਾਲ ਦੁਆਰਾ ਉਹਨਾਂ ਨੂੰ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

## ਉਹਨਾਂ ਨੂੰ ਕੀ ਨਹੀਂ ਕਰਨਾ ਚਾਹੀਦਾ?

ਹੋ ਸਕਦਾ ਹੈ ਕਿ ਕਿਸੇ ਐਨੱਸਥੈਟਿਕ ਜਾਂ ਬੇਹੋਸ਼ੀ ਦੀ ਦਵਾਈ ਤੋਂ ਬਾਅਦ 24 ਘੰਟਿਆਂ ਤਕ ਉਹ ਸਪਸ਼ਟ ਤੌਰ 'ਤੇ ਸੋਚਣ ਦੇ ਯੋਗ ਨਾ ਹੋਣ ਅਤੇ ਉਹਨਾਂ ਦੀ ਵਿਚਾਰ ਸ਼ਕਤੀ ਉੱਪਰ ਅਸਰ ਪਵੇ। ਇਸ ਸਮੇਂ ਦੌਰਾਨ, ਉਹਨਾਂ ਨੂੰ:

- ਬੱਚਿਆਂ ਜਾਂ ਉਹਨਾਂ ਦੀ ਦੇਖਭਾਲ ਵਿੱਚ ਹੋਰ ਲੋਕਾਂ ਲਈ ਜ਼ਿੰਮੇਵਾਰ ਨਹੀਂ ਹੋਣਾ ਚਾਹੀਦਾ
- ਕੋਈ ਵਾਹਨ ਨਹੀਂ ਚਲਾਉਣਾ ਚਾਹੀਦਾ ਜਾਂ ਸਾਈਕਲ ਦੀ ਸਵਾਰੀ ਨਹੀਂ ਕਰਨੀ ਚਾਹੀਦੀ
- ਖਾਣਾ ਨਹੀਂ ਪਕਾਉਣਾ ਚਾਹੀਦਾ ਜਾਂ ਕੋਈ ਮਸ਼ੀਨਰੀ ਨਹੀਂ ਵਰਤਣੀ ਚਾਹੀਦੀ
- ਅਲਕੋਹਲ ਨਹੀਂ ਪੀਣੀ ਚਾਹੀਦੀ।
- ਕੋਈ ਅਹਿਮ ਫ਼ੈਸਲੇ ਨਹੀਂ ਲੈਣੇ ਚਾਹੀਦੇ, ਭਾਵੇਂ ਉਹਨਾਂ ਨੂੰ ਲੱਗੇ ਕਿ ਉਹ ਠੀਕ ਮਹਿਸੂਸ ਕਰ ਰਹੇ ਹਨ
- ਸੋਸ਼ਲ ਮੀਡੀਆ/ਪਬਲਿਕ ਫ਼ੋਰਮਾਂ ਉੱਪਰ ਪੋਸਟ ਕਰਨ ਤੋਂ ਬਚਣਾ ਚਾਹੀਦਾ ਹੈ।

ਇਸ ਪਰਚੇ ਵਿੱਚ ਜਾਣਕਾਰੀ ਨੂੰ ਦਰੁਸਤ ਅਤੇ ਅੱਪ ਟੂ ਡੇਟ ਰੱਖਣ ਲਈ ਅਸੀਂ ਪੂਰਾ ਯਤਨ ਕੀਤਾ ਹੈ, ਪਰ ਅਸੀਂ ਇਸ ਦੀ ਗਾਰੰਟੀ ਨਹੀਂ ਦੇ ਸਕਦੇ ਹਾਂ। ਤੁਹਾਡੇ ਸਾਰੇ ਸਵਾਲਾਂ ਜਾਂ ਤੁਹਾਡੇ ਲਈ ਮਹੱਤਵਪੂਰਨ ਗੱਲਾਂ ਨਾਲ ਨਿਪਟਣ ਲਈ ਅਸੀਂ ਇਸ ਆਮ ਜਾਣਕਾਰੀ ਦੇ ਪੂਰਾ ਹੋਣ ਦੀ ਉਮੀਦ ਨਹੀਂ ਕਰਦੇ ਹਾਂ। ਤੁਹਾਡੇ ਕੋਲ ਮੌਜੂਦ ਆਪਣੀਆਂ ਚੋਣਾਂ ਅਤੇ ਤੁਹਾਡੇ ਕਿਸੇ ਵੀ ਫ਼ਿਕਰ ਦੇ ਬਾਰੇ ਇਸ ਪਰਚੇ ਨੂੰ ਗਾਈਡ ਵਜੋਂ ਵਰਤ ਕੇ ਆਪਣੀ ਮੈਡੀਕਲ ਟੀਮ ਨਾਲ ਚਰਚਾ ਕਰਨੀ ਚਾਹੀਦੀ ਹੈ। ਇਹ ਪਰਚੇ ਨੂੰ ਸਲਾਹ ਵਜੋਂ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਇਸ ਨੂੰ ਕਿਸੇ ਵੀ ਕਾਰੋਬਾਰੀ ਜਾਂ ਵਪਾਰਕ ਮਕਸਦ ਲਈ ਨਹੀਂ ਵਰਤਿਆ ਜਾ ਸਕਦਾ ਹੈ। ਪੂਰੇ ਬੇਦਾਵੇ ਲਈ ਕਿਰਪਾ ਕਰਕੇ ਇੱਥੇ ਕਲਿੱਕ ਕਰੋ। (www.rcoa.ac.uk/patient-information/translations/punjabi).

ਸਾਰੇ ਅਨੁਵਾਦ ਨੂੰ Translators without Borders ਦੀ ਅਨੁਵਾਦ ਕਮਿਊਨਟੀ ਵਲੋਂ ਕੀਤੇ ਗਏ ਹਨ। ਇਹਨਾਂ ਅਨੁਵਾਦ ਦੀ ਕੁਆਲਟੀ ਨੂੰ ਜਿੰਨਾ ਵੀ ਸੰਭਵ ਹੋਵੇ ਉਲੱਥੇ ਦੇ ਦਰੁਸਤ ਹੋਣ ਲਈ ਚੈਕ ਕੀਤਾ ਗਿਆ, ਪਰ ਫੇਰ ਕੁਝ ਜਾਣਕਾਰੀ ਦੇ ਅਸ਼ੁੱਧ ਜਾਂ ਗ਼ਲਤ ਵਿਆਖਿਆ ਹੋਣ ਦਾ ਖ਼ਤਰਾ ਹੈ।

# ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ

ਅਸੀਂ ਇਸ ਇਸ਼ਤਿਹਾਰ ਵਿੱਚ ਸੁਧਾਰ ਕਰਨ ਲਈ ਸੁਝਾਆਵਾਂ ਦਾ ਸਵਾਗਤ ਕਰਦੇ ਹਨ।

ਜੇ ਤੁਹਾਡੇ ਕੋਲ ਕੋਈ ਟਿੱਪਣੀਆਂ ਹਨ ਜੋ ਤੁਸੀਂ ਕਰਨਾ ਚਾਹੋਗੇ, ਤਾਂ ਕਿਰਪਾ ਕਰਕੇ ਉਨ੍ਹਾਂ ਨੂੰ ਈਮੇਲ ਕਰੋ:
patientinformation@rcoa.ac.uk

**Royal College of Anaesthetists**
Churchill House, 35 Red Lion Square, London WC1R 4SG
020 7092 1500

## www.rcoa.ac.uk

ਦੂਜਾ ਸੰਸਕਰਣ, ਨਵੰਬਰ 2021

ਇਸ ਲੀਫ਼ਲੈੱਟ ਨੂੰ ਪ੍ਰਕਾਸ਼ਿਤ ਕਰਨ ਦੀ ਤਾਰੀਖ ਤੋਂ ਤਿੰਨ ਸਾਲਾਂ ਦੇ ਅੰਦਰ ਇਸ ਦੀ ਸਮੀਖਿਆ ਕੀਤੀ ਜਾਵੇਗੀ।

**© 2021 Royal College of Anaesthetists**
ਇਹ ਲੀਫ਼ਲੈੱਟ ਨੂੰ ਮਰੀਜ਼ ਲਈ ਜਾਣਕਾਰੀ ਵਾਲੀ ਸਮੱਗਰੀ ਦੇ ਮਕਸਦ ਵਾਸਤੇ ਕਾਪੀ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਇਸ ਅਸਲ ਸ੍ਰੋਤ ਦਾ ਹਵਾਲਾ ਦਿਓ। ਜੇ ਤੁਸੀਂ ਹੋਰ ਪ੍ਰਕਾਸ਼ਨ ਵਿੱਚ ਇਸ ਲੀਫ਼ਲੈੱਟ ਦਾ ਹਿੱਸਾ ਵਰਤਣਾ ਚਾਹੁੰਦੇ ਹੋ ਤਾਂ ਢੁੱਕਵਾਂ ਧੰਨਵਾਦ ਪ੍ਰਗਟਾਉਣਾ ਜ਼ਰੂਰੀ ਹੈ ਅਤੇ ਲੋਗੋ, ਬਰੈਂਡਿੰਗ 'ਤੇ ਚਿੱਤਰ ਹਟਾ ਦਿੱਤੇ ਜਾਣ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।